**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.)**
**ਮਿਡ-ਡੇ-ਮੀਲ ਸੋਸਾਇਟੀ ਪੰਜਾਬ**
**ਪੰਜਾਬ ਸਿੱਖਿਆ ਭਵਨ (ਪੀ.ਐਸ.ਈ.ਬੀ.) ਈ ਬਲਾਕ, ਪੰਜਵੀਂ ਮੰਜਿਲ, ਫੇਜ਼-8,**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ**
**ਫੋਨ ਨੰ: 0172-5212307, 2210019 ਫੈਕਸ ਨੰ: 0172-5212369**

.............................................................................................

**ਵੱਲ**

**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)**
**ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.)**
**ਸਮੂਹ ਸਕੂਲ ਮੁੱਖੀ (ਵੈੱਬ -ਸਾਈਟ ਤੇ)**

**ਮੀਮੋ ਨੰ: ਐਮ.ਡੀ.ਐਮ.ਐਸ./ਜੀ.ਐਮ./2018/** 50591
**ਮਿਤੀ:** 17/10/2018

**ਵਿਸ਼ਾ:** **ਮਿਡ-ਡੇ-ਮੀਲ ਸਬੰਧੀ ਰਿਕਾਰਡ ਤਿਆਰ ਕਰਨ ਹਿੱਤ ਮੋਬਾਇਲ ਐੱਪ ਨੂੰ ਲਾਗੂ ਕਰਨ ਸਬੰਧੀ।**

*****

1.0 ਉਪਰੋਕਤ ਵਿਸ਼ੇ ਸਬੰਧੀ ਪਿਛਲੇ ਕੁੱਝ ਸਮੇਂ ਦੌਰਾਨ ਬਹੁਤ ਸਾਰੇ ਅਧਿਆਪਕਾਂ ਦੁਆਰਾ ਇਹ ਸ਼ਿਕਾਇਤ ਕੀਤੀ ਜਾਂਦੀ ਰਹੀ ਹੈ ਕਿ ਸਕੂਲਾਂ ਦੇ ਵਿਚ ਮਿਡ-ਡੇ-ਮੀਲ ਸਬੰਧੀ ਰਿਕਾਰਡ ਨੂੰ ਮੇਨਟੇਨ ਕਰਨ ਲਈ ਬਹੁਤ ਸਾਰਾ ਸਮਾਂ ਜਾਇਆ ਹੋ ਜਾਂਦਾ ਹੈ। ਉਨ੍ਹਾਂ ਵਲੋਂ ਇਹ ਵੀ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਮਿਡ-ਡੇ-ਮੀਲ ਨਾਲ ਸਬੰਧਤ ਤਕਰੀਬਨ ਅੱਠ ਰਜਿਸਟਰ ਹਰੇਕ ਸਕੂਲ ਦੇ ਵਿਚ ਮੇਨਟੇਨ ਕੀਤੇ ਜਾਂਦੇ ਹਨ, ਜਿਸ ਕਰਕੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਜ਼ਿਆਦਾ ਨੁਕਸਾਨ ਹੁੰਦਾ ਹੈ।

2.0 ਅਧਿਆਪਕਾਂ ਦੁਆਰਾ ਦਿੱਤੇ ਗਏ ਸੁਝਾਓ ਨੂੰ ਮੁੱਖ ਰੱਖਦਿਆਂ ਹੋਇਆਂ ਮੁੱਖ ਦਫਤਰ ਦੁਆਰਾ ਇੱਕ ਮੋਬਾਇਲ ਐੱਪ ਬਣਾਈ ਗਈ ਹੈ। ਇਸ ਐਪ ਰਾਹੀਂ ਸਕੂਲ ਦਾ ਬਹੁਤ ਸਾਰਾ ਡਾਟਾ ਆਪਣੇ-ਆਪ ਦਫਤਰੀ ਪੋਰਟਲ ਨਾਲ ਲਿੰਕ ਹੋ ਜਾਂਦਾ ਹੈ। ਸਕੂਲਾਂ ਨੂੰ ਸਿਰਫ ਰੋਜਾਨਾ ਸਕੂਲੀ ਵਿਦਿਆਰਥੀਆਂ ਦੀ ਹਾਜਰੀ ਦੇ ਸਬੰਧ ਵਿਚ ਡਾਟਾ ਐਪ ਖੋਲ ਕੇ ਭਰਨ ਦੀ ਲੋੜ ਹੈ, ਜਿਸ ਨੂੰ ਵੱਧ ਤੋਂ ਵੱਧ 30 ਸਕਿੰਟ ਦਾ ਸਮਾਂ ਲੱਗਦਾ ਹੈ। ਇਸ ਸਬੰਧ ਵਿਚ ਪਹਿਲਾਂ ਵੀ ਹਦਾਇਤਾਂ ਜਾਰੀ ਕੀਤੀਆਂ ਜਾ ਚੁਕੀਆਂ ਹਨ। ਪਰੰਤੂ ਵੇਖਣ ਵਿਚ ਆਇਆ ਹੈ ਕਿ ਅਜੇ ਵੀ ਬਹੁਤ ਸਾਰੇ ਸਕੂਲਾਂ ਵਿਚ ਰਜਿਸਟਰ ਵੀ ਮੇਨਟੇਨ ਕੀਤੇ ਜਾ ਰਹੇ ਹਨ ਅਤੇ ਕੁੱਝ ਸਕੂਲਾਂ ਵਿਚ ਰਜਿਸਟਰਾਂ ਦੇ ਨਾਲ-ਨਾਲ ਮੋਬਾਇਲ ਐੱਪ ਤੇ ਵੀ ਇੰਨਫਾਰਮੇਸ਼ਨ ਅੱਪਲੋਡ ਕੀਤੀ ਜਾ ਰਹੀ ਹੈ।

......ਚੱਲਦਾ ਪੰਨਾ

3.0 ਸਮੂਹ ਸਕੂਲ ਮੁੱਖੀ/ਡੀ.ਡੀ.ਓ/ਸੀ.ਐਚ.ਟੀਜ/ਐਚ.ਟੀਜ ਅਤੇ ਅਧਿਆਪਕਾਂ ਨੂੰ ਲਿਖਿਆ ਜਾਂਦਾ ਹੈ ਕਿ ਮਿਡ-ਡੇ-ਮੀਲ ਦੇ ਸਬੰਧ ਵਿਚ ਕੋਈ ਵੀ ਫਿਜੀਕਲ ਰੂਪ ਵਿਚ ਰਜਿਸਟਰ ਮੇਨਟੇਨ ਕਰਨ ਦੀ ਲੋੜ ਨਹੀਂ ਹੈ ਅਤੇ ਇਨ੍ਹਾਂ ਰਜਿਸਟਰਾਂ ਨੂੰ ਮੇਨਟੇਨ ਨਾ ਕੀਤਾ ਜਾਵੇ। ਪਰੰਤੂ ਇਹ ਯਕੀਨੀ ਬਣਾਇਆ ਜਾਵੇ ਕਿ ਸਕੂਲ ਦੁਆਰਾ ਰੋਜਾਨਾ ਮੋਬਾਇਲ ਐੱਪ ਖੋਲ੍ਹ ਕੇ ਆਪਣਾ ਡਾਟਾ ਮੋਬਾਇਲ ਐੱਪ ਰਾਹੀਂ ਅੱਪ-ਲੋਡ ਕੀਤਾ ਜਾਵੇ। ਇਸ ਸਬੰਧ ਵਿਚ ਵੱਖਰੇ ਤੌਰ ਤੇ ਹਦਾਇਤਾਂ ਪਹਿਲਾਂ ਵੀ ਮਿਤੀ 04.09.2017 ਨੂੰ ਜਾਰੀ ਕੀਤੀਆਂ ਗਈਆਂ ਹਨ ਜਿਸਦੀ ਕਾਪੀ ਮੁੜ ਨਾਲ ਨੱਥੀ ਕੀਤੀ ਜਾਂਦੀ ਹੈ।

4.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ)

ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
ਬਲਾਕ-ਈ ਪੰਜਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8 ਮੋਹਾਲੀ
ਫੋਨ ਨੰ: 0172-5212313,5212359 ਫੈਕਸ ਨੰ:0172-5212369,5212370
Website: ssapunjab.org

ਵੱਲ

ਸਮੂਹ ਸਕੂਲ ਮੁਖੀ,
ਪੰਜਾਬ।

ਮੀਮੋ ਨੰ: 1/4-2017 AD(ਏ)SSE
ਮਿਤੀ, ਐੱਸ.ਏ.ਐੱਸ ਨਗਰ: 04.09.2017

ਵਿਸ਼ਾ:- **MDM ਸਬੰਧੀ ਰਿਕਾਰਡ ਤਿਆਰ ਕਰਨ ਹਿੱਤ ਮੋਬਾਈਲ ਐਪਸ ਦੀ ਵਰਤੋਂ ਸਬੰਧੀ।**

ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਦਾ ਲਿਖਤੀ ਕੰਮ-ਕਾਜ ਘਟਾਉਣ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਉਪਰਾਲਿਆਂ ਦੀ ਲਗਾਤਾਰਤਾ ਵਿੱਚ ਵਿਭਾਗ ਵੱਲੋਂ MDM ਸਬੰਧੀ ਅਧਿਆਪਕਾਂ ਵੱਲੋਂ ਤਿਆਰ ਕੀਤੇ ਜਾਂਦੇ ਰਿਕਾਰਡ ਨੂੰ ਬਹੁਤ ਸੌਖੇ ਤਰੀਕੇ ਨਾਲ ਆਨ-ਲਾਈਨ ਕਰਨ ਹਿੱਤ ਇੱਕ ਮੋਬਾਈਲ ਐਪ ਤਿਆਰ ਕੀਤੀ ਗਈ ਹੈ ਜੋ ਕਿ Google Play Store 'ਤੇ ਉਪਲੱਬਧ ਹੈ ਅਤੇ ਅਧਿਆਪਕ ਇਸ ਨੂੰ ਮੋਬਾਈਲ 'ਤੇ ਸੌਖੇ ਤਰੀਕੇ ਨਾਲ Download ਕਰ ਸਕਦੇ ਹਨ। ਉਮੀਦ ਕੀਤੀ ਜਾਂਦੀ ਹੈ ਕਿ ਅਧਿਆਪਕਾਂ ਵੱਲੋਂ MDM ਸਬੰਧੀ ਮੌਜੂਦਾ ਪ੍ਰਚਲਨ ਪ੍ਰਣਾਲੀ ਅਧੀਨ ਰਿਕਾਰਡ ਤਿਆਰ ਕਰਨ ਲਈ ਜਿਹੜੇ ਅੱਠ-ਨੌਂ ਰਜਿਸਟਰ ਬਣਾਏ ਜਾਂਦੇ ਹਨ, ਇਸ ਸਾਫਟਵੇਅਰ/ਮੋਬਾਈਲ ਐਪ ਰਾਹੀਂ ਉਹ ਕੰਮ ਕਾਫੀ ਹੱਦ ਤੱਕ ਖਤਮ ਹੋ ਜਾਣਗੇ ਅਤੇ ਅਧਿਆਪਕ ਸਿੱਖਣ-ਸਿਖਾਉਣ ਪ੍ਰਕਿਰਿਆ ਤੇ ਵਧੇਰੇ ਸਮਾਂ ਲਗਾ ਸਕਣਗੇ।

ਇਹ ਹਦਾਇਤ ਕੀਤੀ ਜਾਂਦੀ ਹੈ ਕਿ ਨਿਮਨ ਪ੍ਰਕਿਰਿਆ ਅਨੁਸਾਰ ਸਕੂਲਾਂ ਵਿਚ ਮਿਡ-ਡੇ-ਮੀਲ ਦੇ ਇੰਚਾਰਜ ਮੋਬਾਇਲ ਐਪ ਨੂੰ ਤੁਰੰਤ ਡਾਉਨਲੋਡ ਕਰ ਲੈਣ ਅਤੇ ਮਿਡ-ਡੇ-ਮੀਲ ਦਾ ਰਿਕਾਰਡ ਰੋਜ਼ਾਨਾ ਐਪ ਉਪਰ ਅੱਪਲੋਡ ਕਰਨਾ ਸ਼ੁਰੂ ਕਰ ਦੇਣ।

ਇਸ App ਨੂੰ Download ਕਰਕੇ ਵਰਤਣ ਦੀ ਪ੍ਰਕਿਰਿਆ ਹੇਠ ਲਿਖੇ ਅਨੁਸਾਰ ਹੈ:-

(i) Open the Google Play Store on your smart phone.
(ii) Search epunjabschool login
(iii) Install epunjab apps
(iv) Login epunjab school apps.("Schools have already user name id and Password") Select MDM from MENU items.

After installing the app, you can fill up the MDM related information, starting with Add stock.

ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸਮੂਹ ਸਕੂਲ ਅਗਲੇਰੇ ਹੁਕਮਾਂ ਤੱਕ ਪਹਿਲਾਂ ਵਾਂਗ ਹੀ MDM ਸਬੰਧੀ ਰਿਕਾਰਡ ਵੀ ਤਿਆਰ ਕਰਦੇ ਰਹਿਣਗੇ।

ਜੇਕਰ ਤੁਹਾਨੂੰ ਇਸ ਸਬੰਧੀ ਕੋਈ ਦਿੱਕਤ ਆਉਂਦੀ ਹੈ ਤਾਂ ਤੁਸੀਂ ਸ੍ਰੀਮਤੀ ਸੀਮਾ ਖੇੜਾ, ਲੈਕਚਰਾਰ SCERT (9876693850) ਨੂੰ ਸੰਪਰਕ ਕਰ ਸਕਦੇ ਹੋ।

4/9

ਡਾਇਰੈਕਟਰ ਜਨਰਲ ਸਕੂਲ ਸਿੱਖਿਆ

## ਮਿਡ-ਡੇ-ਮੀਲ ਮੋਬਾਇਲ ਐਪ ਦੀ ਵਰਤੋਂ ਸਬੰਧੀ ਦਿਸ਼ਾਨਿਰਦੇਸ਼

ਸਿੱਖਿਆ ਵਿਭਾਗ ਵਲੋਂ ਮਿਡ-ਡੇ-ਮੀਲ ਅਧੀਨ ਸਕੂਲ ਪੱਧਰ ਉੱਤੇ ਮਨਟੇਨ ਕੀਤੇ ਜਾ ਰਹੇ ਵੱਖ-ਵੱਖ ਰਜਿਸਟਰਾਂ ਦੇ ਕੰਮ ਨੂੰ ਘਟਾਉਣ ਲਈ ਇਕ ਮੋਬਾਇਲ ਐਪ ਬਣਾਈ ਗਈ ਹੈ। ਇਸ ਐਪ ਦੀ ਵਰਤੋਂ ਹਰ ਸਕੂਲ ਮੋਬਾਇਲ (Android) ਰਾਹੀਂ ਕਰ ਸਕਦਾ ਹੈ। ਹਰ ਸਕੂਲ ਨੂੰ ਸਿੱਖਿਆ ਵਿਭਾਗ ਦੇ ਪੋਰਟਲ ਈਪੰਜਾਬਸਕੂਲ ਉੱਤੇ ਰਜਿਸਟਰ ਕਰਕੇ ਇੱਕ ਲਾਗਇਨ ਅਤੇ ਪਾਸਵਰਡ ਪਹਿਲਾਂ ਹੀ ਮੁਹਈਆ ਕਰਵਾਇਆ ਗਿਆ ਹੈ। ਇਸ ਲਾਗਇਨ ਅਤੇ ਪਾਸਵਰਡ ਦੀ ਮਦਦ ਨਾਲ ਮੋਬਾਇਲ ਐਪ ਤੋਂ ਰੋਜਾਨਾ ਮਿਡ-ਡੇ-ਮੀਲ ਦੀ ਰਿਪੋਰਟ ਭੇਜੀ ਜਾ ਸਕਦੀ ਹੈ।

**ਮੋਬਾਇਲ ਐਪ (Android) ਨੂੰ ਡਾਊਨਲੋਡ ਕਰਨ ਦਾ ਤਰੀਕਾ**

ਮੋਬਾਇਲ ਐਪ ਨੂੰ Google PlayStore ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਐਪ ਨੂੰ PlayStore ਉੱਤੇ ePunjab School Login ਦੇ ਨਾਮ ਨਾਲ ਲੱਭਿਆ ਜਾ ਸਕਦਾ ਹੈ।

**ਮੋਬਾਇਲ ਐਪ ਦੇ ਵੱਖ-ਵੱਖ ਰਜਿਸਟਰਾਂ ਬਾਰੇ ਜਾਣਕਾਰੀ**

ਮੋਬਾਇਲ ਐਪ ਦੇ ਰਜਿਸਟਰਾਂ ਦੀ ਵਰਤੋਂ ਪਹਿਲਾਂ ਸਕੂਲ ਨੂੰ ਐਪ ਵਿਚ ਇਹ ਦਸਣਾ ਲਾਜਮੀ ਹੈ ਕਿ ਕੀ "ਮਿਡ-ਡੇ-ਮੀਲ ਸਕੂਲ ਵਿਚ ਬਣਦਾ ਹੈ" ਜਾਂ "ਮਿਡ-ਡੇ-ਮੀਲ ਕਿਸੇ ਸੰਸਥਾ ਵਲੋਂ ਮੁਹਈਆ ਕਰਵਾਇਆ ਜਾਂਦਾ ਹੈ"। ਇਸ ਚੋਣ ਦੇ ਆਧਾਰ ਉੱਤੇ ਹੀ ਮੋਬਾਇਲ ਐਪ ਵਿਚ ਮਡਿਊਲ ਦਿਖਾਏ ਜਾਣਗੇ। ਐਪ ਦੇ ਵੱਖ-ਵੱਖ ਮਡਿਊਲ ਦੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ :-

- **Add Stock :** ਸਭ ਤੋਂ ਪਹਿਲਾਂ ਜਿਸ ਦਿਨ ਤੁਸੀਂ ਐਪ ਸ਼ੁਰੂ ਕਰਨ ਲੱਗੇ ਹੋ ਉਸ ਦਿਨ ਦਾ ਸਕੂਲ ਦਾ ਸਟਾਕ (ਕਣਕ ਅਤੇ ਚਾਵਲ) ਇਸ ਵਿਚ ਦਰਜ ਕੀਤਾ ਜਾਵੇ। ਇਹ ਐਂਟਰੀ ਪਹਿਲੇ ਦਿਨ ਅਤੇ ਉਸ ਤੋਂ ਬਾਅਦ ਜਦੋਂ ਸਕੂਲ ਨੂੰ ਕਣਕ ਜਾਂ ਚਾਵਲ ਦਾ ਸਟਾਕ ਪ੍ਰਾਪਤ ਹੁੰਦਾ ਹੈ ਉਸ ਦਿਨ ਕਰਨੀ ਹੈ। ਰੋਜਾਨਾ ਇਹ ਐਂਟਰੀ ਨਹੀਂ ਕੀਤੀ ਜਾਵੇਗੀ।
- **Submit Daily MDM Report :** ਇਸ ਮਡਿਊਲ ਦੀ ਮਦਦ ਨਾਲ ਰੋਜਾਨਾ ਸਕੂਲ ਵਿਚ ਵਿਦਿਆਰਥੀਆਂ ਦੀ ਹਾਜਰੀ, ਕਿੰਨੇ ਵਿਦਿਆਰਥੀਆਂ ਨੇ ਮਿਡ-ਡੇ-ਮੀਲ ਖਾਦਾ ਅਤੇ ਕਣਕ, ਚਾਵਲ ਜਾਂ ਮਿਕਸ ਖਾਣੇ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਹ ਰਿਪੋਰਟ ਰੋਜਾਨਾ ਭੇਜੀ ਜਾਣੀ ਹੈ।
- **Expenditure Register :** ਇਸ ਮਡਿਊਲ ਦੀ ਮਦਦ ਨਾਲ ਜਦੋ ਵੀ ਕੋਈ ਖਰਚਾ ਕੀਤਾ ਜਾਂਦਾ ਹੈ ਤਾਂ ਉਸ ਦੀ ਐਂਟਰੀ ਇਸ ਰਜਿਸਟਰ ਵਿਚ ਕੀਤੀ ਜਾਵੇਗੀ। ਇਸ ਮਡਿਊਲ ਵਿਚ ਸਿਰਫ Cook ਦਾ

honorarium ਹੀ ਦਰਜ ਕੀਤਾ ਜਾਵੇਗਾ। Cooking Cost ਆਦਿ ਸਿਸਟਮ ਵਲੋਂ ਰੋਜਾਨਾ ਭੇਜੀ ਜਾ ਰਹੀ ਰਿਪੋਰਟ ਦੇ ਆਧਾਰ ਤੇ ਆਪਣੇ ਆਪ calculate ਕਰ ਲਈ ਜਾਵੇਗੀ।

- **Income Register :** ਇਸ ਆਨਲਾਈਨ ਰਜਿਸਟਰ ਵਿਚ ਵੱਖ-ਵੱਖ ਤਰ੍ਹਾਂ ਦੀ ਮਿਡ-ਡੇ-ਮੀਲ ਸਬੰਧੀ ਆਮਦਨ ਦੀ ਐਂਟਰੀ ਕੀਤੀ ਜਾਵੇਗੀ।
- **View Daily MDM Report :** ਇਹ ਰਿਪੋਰਟ ਇਹ ਦਰਸਾਏਗੀ ਕਿ ਕਿਸ ਦਿਨ ਕਿੰਨੇ ਵਿਦਿਆਰਥੀ ਹਾਜਰ ਸਨ, ਕਿੰਨੇ ਵਿਦਿਆਰਥੀਆਂ ਨੇ ਖਾਣਾ ਖਾਦਾ ਅਤੇ ਕਿਸ ਤਰ੍ਹਾਂ ਦਾ ਖਾਣਾ (Rice, Wheat or Mix) ਬਣਿਆ।
- **View Stock in Hand** : ਇਹ ਰਿਪੋਰਟ ਇਹ ਦਰਸਾਏਗੀ ਕਿ ਕਿਸ ਦਿਨ ਸਕੂਲ ਕੋਲ ਕਿੰਨਾ ਸਟਾਕ ਉਪਲਬਧ ਸੀ ਅਤੇ ਕਿੰਨੇ ਵਿਦਿਆਰਥੀਆਂ ਨੇ ਕਿਸ ਦਿਨ ਕਿੰਨੀ ਮਾਤਰਾ ਵਿਚ ਖਾਣਾ ਖਾਦਾ।
- **View Expenditure Report :** ਇਸ ਰਿਪੋਰਟਲ ਵਿਚ ਉਹ ਸਾਰੇ ਖਰਚੇ ਜੋ ਸਕੂਲ ਵਲੋਂ Expenditure Register ਵਿਚ ਦਰਜ ਕੀਤੇ ਗਏ ਹਨ ਅਤੇ ਸਿਸਟਮ ਵਲੋਂ ਕੈਲਕੁਲੇਟ ਕੀਤੀ ਗਈ Cooking Cost ਦਿਖਾਈ ਜਾਵੇਗੀ।
- **Income Report :** ਸਕੂਲ ਵਲੋਂ Income Register ਵਿਚ ਦਰਜ ਕੀਤੀਆਂ ਐਂਟਰੀਆਂ ਦੀ ਰਿਪੋਰਟ ਇਸ ਮਡਿਊਲ ਅਧੀਨ ਦੇਖੀ ਜਾ ਸਕਦੀ ਹੈ।

------------ X ------------